© 2025 IJRTI | Volume 10, Issue 11 November 2025 | ISSN: 2456-3315

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸੰਪਾਦਨਾ ਦਾ ਪਿਛੋਕੜ: ਇਕ ਸਰਵੇਖਣ

**ਹਰਪ੍ਰੀਤ ਸਿੰਘ ਦੂਆ (ਡਾ.)**
**ਐਸੋਸੀਏਟ ਪ੍ਰੋਫੈਸਰ**
**ਪੰਜਾਬੀ ਵਿਭਾਗ**
**ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ**

**Abstract**

ਇਸ ਗ੍ਰੰਥ ਦੀ ਸੰਪਾਦਨਾ ਵਕਤ ਦੀ ਬਹੁਤ ਮਹਤੱਵਪੁਰਨ ਲੋੜ ਸੀ ਜਿਸ ਬਾਰੇ ਵੱਖ- ਵੱਖ ਲੇਖਕਾਂ ਦੇ ਵੱਖ ਵੱਖ ਵਿਚਾਰ ਹਨ ਪਰ ਕੋਈ ਵੀ ਵਿਚਾਰ ਵਿਰੋਧੀ ਨਹੀਂ ਸਗੋਂ ਗ੍ਰੰਥ ਦੀ ਸੰਪਾਦਨਾ ਦੇ ਕਾਰਨਾਂ ਦੀਆ ਵੱਖ ਵੱਖ ਜੁਗਤਾਂ ਅਤੇ ਮੰਤਵਾਂ ਨੂੰ ਪ੍ਰਸਤੁਤ ਕਰਦਾ ਹੈ। ਅਸਲ ਵਿਚ ਬੇਸ਼ਕ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ਕੀਤੀ ਪਰ ਇਸਦਾ ਮਸਾਲਾ ਨਾਨਕ ਗੱਦੀ ਦੇ ਪਹਿਲੇ ਨਾਨਕ, ਗੁਰੂ ਨਾਨਕ ਦੇਵ ਜੀ ਨੇ ਤਿਆਰ ਕਰਕੇ ਇਸਦੇ ਸੰਪਾਦਨ ਦੀ ਨੀਂਹ ਰੱਖ ਦਿੱਤੀ ਸੀ ਜਿਸਦਾ ਜ਼ਿਕਰ ਪੁਰਾਤਨ ਜਨਮ ਸਾਖੀ (ਸਾਖੀ ਨੰਬਰ 35, 41, 43, 46, 47, 49) ਵਿਚ ਮਿਲਦਾ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀਆਂ ਆਪਣੇ ਜੀਵਨ ਕਾਲ ਵਿਚ ਕੀਤੀਆਂ ਚਾਰ ਉਦਾਸੀਆਂ ਦੇ ਲੰਬੇ ਸਮੇਂ ਵਿਚ ਗੁਰੂ ਸਾਹਿਬ ਨਾਲ ਕੁਝ ਸਿੱਖ ਜਿਹਾ ਕਿ ਝਾੜੂ ਕਲਾਲ, ਹੰਸੂ ਲੁਹਾਰ, ਸੀਹਾ ਛੀਂਬਾ ਤੇ ਮਨੁੱਖ ਇਤਿਆਦਿ ਰਹਿੰਦੇ ਸਨ ਅਤੇ ਇਹ ਸਿੱਖ ਜਦੋਂ ਗੁਰੂ ਸਾਹਿਬ ਇਲਾਹੀ ਪਿਆਰ ਵਿਚ ਗੜੂੰਦ ਹੋ ਮਰਦਾਨੇ ਨੂੰ 'ਰਬਾਬ ਵਜਾ ਬਾਣੀ ਆਈ ਆ' ਕਹਿ ਕੇ ਬਾਣੀ ਉਚਾਰਦੇ ਸਨ ਜੋ ਉਸ ਵਕਤ ਦੇ ਆਮ ਲੋਕਾਂ ਵਲੋਂ ਬੋਲੀ ਸਮਝੀ ਅਤੇ ਵਰਤੀ ਜਾਂਦੀ ਸੀ। ਗੁਰੂ ਅਰਜਨ ਦੇਵ ਨੇ ਵੱਖ-ਵੱਖ ਸੋਮਿਆਂ ਤੋਂ ਬੜੀ ਮਿਹਨਤ ਨਾਲ ਬਾਣੀ ਨੂੰ ਇਕੱਠਿਆਂ ਕੀਤਾ ਪ੍ਰਮੁੱਖ ਤੌਰ ਤੇ ਇਹ ਸੋਮੇ ਤਿੰਨ ਤਰ੍ਹਾਂ ਦੇ ਹਨ। ਇਕ ਸੋਮਾ ਗੁਰੂ ਅਮਰਦਾਸ ਜੀ ਦੇ ਬੇਟੇ ਬਾਬਾ ਮੋਹਨ ਜੀ ਵੱਲੋਂ ਪੋਥੀਆਂ ਪ੍ਰਾਪਤ ਕਰਨ ਦਾ ਹੈ। ਬਾਬਾ ਮੋਹਨ ਜੀ ਆਪਣੇ ਸਤਿਕਾਰਤ ਪਿਤਾ ਵਲੋਂ ਗੁਰਗੱਦੀ ਨਾ ਸੌਂਪੇ ਜਾਣ ਉਤੇ ਅਤੇ ਇਹ ਗੱਦੀ ਗੁਰੂ ਰਾਮਦਾਸ ਜੀ ਨੂੰ ਦਿੱਤੇ ਜਾਣ ਕਾਰਣ ਨਰਾਜ਼ਗੀ ਵੱਸ ਗੁਰੂ ਪਿਤਾ ਦੁਆਰਾ ਪ੍ਰਾਪਤ ਹੋਈਆਂ ਪੋਥੀਆਂ ਲੈ ਕੇ ਇਕ ਚੁਬਾਰੇ ਉਤੇ ਜਾ ਬੈਠਦੇ ਹਨ। ਗੁਰੂ ਅਰਜਨ ਦੇਵ ਪਹਿਲਾ ਭਾਈ ਗੁਰਦਾਸ ਜੀ ਨੂੰ ਤੇ ਫੇਰ ਬਾਬਾ ਬੁੱਢਾ ਜੀ ਨੂੰ ਉਹ ਸਤਿਕਾਰਤ ਪੇਥੀਆਂ ਲੈਣ ਲਈ ਭੇਜਦੇ ਹਨ ਪਰ ਬਾਬਾ ਮੋਹਨ ਜੀ ਵਲੋਂ ਬੜੇ ਕਠੋਰ ਰੂਪ ਵਿਚ ਇਨਕਾਰ ਕੀਤੇ ਜਾਣ ਉਤੇ ਆਪ ਗੁਰੂ ਅਰਜਨ ਦੇਵ ਬਾਬਾ ਮੋਹਨ ਜੀ ਦੇ ਚੁਬਾਰੇ ਹੇਠ ਬੈਠ ਕੇ ਹੇਠ ਲਿਖੇ ਸ਼ਬਦ ਦਾ ਕੀਰਤਨ ਨਿਰੰਤਰ ਕਰੀ ਜਾਂਦੇ ਹਨ, ਬਿਨਾਂ ਇਸ ਗੱਲ ਦੀ ਪ੍ਰਵਾਹ ਦੇ ਕਿ ਬਾਬਾ ਮੋਹਨ ਜੀ ਉਹਨਾਂ ਨੂੰ ਕਿਸ ਪ੍ਰਕਾਰ ਦੇ ਕੁਬੋਲ ਬੋਲੀ ਜਾਂਦੇ ਹਨ।

**Key Words:** ਸ੍ਰੀ ਗੁਰੂ ਗ੍ਰੰਥ ਸਾਹਿਬ, ਸੰਪਾਦਨਾ ਦਾ ਪਿਛੋਕੜ**,** ਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ

ਸਾਹਿਤ ਆਪਣੇ ਸਮੇਂ ਦੀਆਂ ਲੋੜਾਂ ਤੇ ਥੋੜਾਂ ਦੀ ਪੂਰਤੀ ਦਾ ਹੀ ਪ੍ਰਤੀਕਰਮ ਹੁੰਦਾ ਹੈ ਜੋ ਕਿ ਆਪਣੇ ਸਮੇਂ ਦੀਆਂ ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਆਰਥਿਕ ਅਵਸਥਾਵਾਂ ਨਾਲ ਡੂੰਘੇ ਤੌਰ ਤੇ ਸੰਬੰਧਿਤ ਹੁੰਦੀਆਂ ਹਨ। ਹਿੰਦੁਸਤਾਨ ਦੇ ਇਤਿਹਾਸ ਵਿਚ ਮੱਧਕਾਲ ਦਾ ਸਮਾਂ ਸਭ ਤੋਂ ਜਿਆਦਾ ਅਸਤੁੰਲਿਤ ਬਣਿਆ ਰਿਹਾ ਹੈ। ਇਸ ਸਮੇਂ ਇਕ ਤਾਂ ਬਾਹਰਲੇ ਹਮਲਾਵਰ ਸੋਨੇ ਦੀ ਚਿੜੀ ਸਮਝੇ ਜਾਂਦੇ ਹਿੰਦੁਸਤਾਨ ਉਤੇ ਬਾਰ-ਬਾਰ ਹਮਲਾ ਕਰਕੇ ਇਸਨੂੰ ਲੁੱਟਦੇ, ਕੁੱਟਦੇ ਤੇ ਮਾਰਦੇ ਹਨ। ਦੂਸਰੇ ਪਾਸੇ ਵਕਤ ਦਾ ਰਾਜਨੀਤਕ ਪ੍ਰਬੰਧ ਲੋਕਾਈ ਪ੍ਰਤੀ ਆਪਣੀਆਂ ਸਦਾਚਾਰਕ ਰਾਜਨੀਤਕ ਅਤੇ ਧਾਰਮਿਕ ਜ਼ਿੰਮੇਵਾਰੀਆਂ

ਤੋਂ ਬਿਲਕੁਲ ਅਣਭਿੱਜ ਹੋ ਕੇ ਕੇਵਲ ਤੇ ਕੇਵਲ ਆਪਣਾ ਸੁਆਰਥ ਪੂਰਨ ਲਈ ਨਿਰੰਤਰ ਸੰਲਗਨ ਰਹਿੰਦਾ ਹੈ। ਉਸ ਵਕਤ ਦੇ ਇਕ ਮਹਿਕੂਮ (ਘੱਟ ਗਿਣਤੀ) ਹਿੰਦੂ ਧਰਮ ਦੇ ਅਨੁਯਾਈ ਸ਼ਾਸ਼ਕ ਵਰਗ ਦੇ ਮੁਸਲਮਾਨੀ ਧਾਰਮਿਕ ਕੱਟੜਵਾਦੀਆਂ ਤੋਂ ਅਪਮਾਨਿਤ ਹੁੰਦੇ ਤੇ ਇੱਥੋਂ ਤੱਕ ਕਤਲੋਗਾਰਤ ਦਾ ਸ਼ਿਕਾਰ ਹੁੰਦੇ ਹਨ। ਹਿੰਦੂ ਧਰਮ ਦੇ ਧਾਰਮਿਕ ਪ੍ਰਤੀਨਿਧ ਵੀ ਆਪਣੇ ਧਰਮ ਸੰਬੰਧੀ ਪ੍ਰਤੀਬੱਧਤਾ ਤੇ ਸਮਰਪਣ ਭਾਵਨਾਵਾਂ ਦਾ ਤਿਆਗ ਕਰ ਆਪਣੇ ਸੁਆਰਥਾਂ ਦੀ ਪੂਰਤੀ ਲਈ ਸ਼ਾਸ਼ਕ ਵਰਗ ਦੀਆਂ ਮਿਹਰਬਾਨੀਆਂ ਹਾਸਿਲ ਕਰਨ ਹਿੱਤ ਮੁਸਲਮਾਨੀ ਧਾਰਮਿਕ ਗ੍ਰੰਥਾਂ ਦਾ ਪਾਠ ਮੁਸਲਮਾਨੀ ਲਿਬਾਸ ਅਤੇ ਮੁਸਲਮਾਨੀ ਭਾਸ਼ਾ ਵਰਤਣਾ ਹੀ ਉਚਿੱਤ ਸਮਝ ਲੈਂਦੇ ਹਨ। ਗੁਰਬਾਣੀ ਇਸਦੀ ਪ੍ਰੋੜਤਾ ਕਰਦੀ ਹੈ:

- ਘਰਿ ਘਰਿ ਮੀਆ ਸਭਨਾ ਜੀਆਂ ਬੋਲੀ ਅਵਰ ਤੁਮਾਰੀ॥

  ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ॥

  ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮਾਰੀ ॥੭॥

  ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ ॥

  ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮਾਲੀ॥੮॥੧॥੮॥[1]

- ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥੩॥

  ਛੋਡੀਲੇ ਪਾਖੰਡਾ ॥

  ਨਾਮਿ ਲਇਐ ਜਾਹਿ ਤਰੰਦਾ ॥੧॥[2]

ਇਸ ਗ੍ਰੰਥ ਦੀ ਸੰਪਾਦਨਾ ਵਕਤ ਦੀ ਬਹੁਤ ਮਹਤੱਵਪੂਰਨ ਲੋੜ ਸੀ ਜਿਸ ਬਾਰੇ ਵੱਖ- ਵੱਖ ਲੇਖਕਾਂ ਦੇ ਵੱਖ ਵੱਖ ਵਿਚਾਰ ਹਨ ਪਰ ਕੋਈ ਵੀ ਵਿਚਾਰ ਵਿਰੋਧੀ ਨਹੀਂ ਸਗੋਂ ਗ੍ਰੰਥ ਦੀ ਸੰਪਾਦਨਾ ਦੇ ਕਾਰਨਾਂ ਦੀਆ ਵੱਖ ਵੱਖ ਜੁਗਤਾਂ ਅਤੇ ਮੰਤਵਾਂ ਨੂੰ ਪ੍ਰਸਤੁਤ ਕਰਦਾ ਹੈ। ਅਸਲ ਵਿਚ ਬੇਸ਼ਕ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ਕੀਤੀ ਪਰ ਇਸਦਾ ਮਸਾਲਾ ਨਾਨਕ ਗੱਦੀ ਦੇ ਪਹਿਲੇ ਨਾਨਕ, ਗੁਰੂ ਨਾਨਕ ਦੇਵ ਜੀ ਨੇ ਤਿਆਰ ਕਰਕੇ ਇਸਦੇ ਸੰਪਾਦਨ ਦੀ ਨੀਂਹ ਰੱਖ ਦਿੱਤੀ ਸੀ ਜਿਸਦਾ ਜ਼ਿਕਰ ਪੁਰਾਤਨ ਜਨਮ ਸਾਖੀ (ਸਾਖੀ ਨੰਬਰ 35, 41, 43, 46, 47, 49) ਵਿਚ ਮਿਲਦਾ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀਆਂ ਆਪਣੇ ਜੀਵਨ ਕਾਲ ਵਿਚ ਕੀਤੀਆਂ ਚਾਰ ਉਦਾਸੀਆਂ ਦੇ ਲੰਬੇ ਸਮੇਂ ਵਿਚ ਗੁਰੂ ਸਾਹਿਬ ਨਾਲ ਕੁਝ ਸਿੱਖ ਜਿਹਾ ਕਿ ਝਾੜੂ ਕਲਾਲ, ਹੰਸੂ ਲੁਹਾਰ, ਸੀਹਾ ਛੀਂਬਾ ਤੇ ਮਨੁੱਖ ਇਤਿ ਆਦਿ ਰਹਿੰਦੇ ਸਨ ਅਤੇ ਇਹ ਸਿੱਖ ਜਦੋਂ ਗੁਰੂ ਸਾਹਿਬ ਇਲਾਹੀ ਪਿਆਰ ਵਿਚ ਗੜੂੰਦ ਹੋ ਮਰਦਾਨੇ ਨੂੰ 'ਰਬਾਬ ਵਜਾ ਬਾਣੀ ਆਈ ਆ' ਕਹਿ ਕੇ ਬਾਣੀ ਉਚਾਰਦੇ ਸਨ ਜੋ ਉਸ ਵਕਤ ਦੇ ਆਮ ਲੋਕਾਂ ਵਲੋਂ ਬੋਲੀ ਸਮਝੀ ਅਤੇ ਵਰਤੀ ਜਾਂਦੀ ਸੀ। ਉਹਨਾਂ ਦੀ ਲਿਖਤ ਨੂੰ ਕੋਲ ਰੱਖਦੇ ਜਿਸਦਾ ਪ੍ਰਮਾਣ ਭਾਈ ਗੁਰਦਾਸ ਨੇ ਗੁਰੂ ਸਾਹਿਬ ਦੀ ਮੱਕਾ ਯਾਤਰਾ ਵੇਲੇ ਉਸ ਲਿਖਤ ਨੂੰ ਕਿਤਾਬ ਦਾ ਨਾਂ ਦਿੱਤਾ ਹੈ:

ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ।

ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ।

ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਰਾਬੇ ਪਾਇ ਪਸਾਰੀ।

ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ।

ਲਤਾ ਵਲਿ ਖੁਦਾਇਦੇ ਕਿਉ ਕਰਿ ਪਇਆ ਹੋਇ ਬਜਿਗਾਰੀ।

ਟੰਗੋਂ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ।

ਹੋਇ ਹੈਰਾਨੁ ਕਰੇਨਿ ਜੁਹਾਰੀ ॥੩੨॥[3]

ਪੁਰਾਤਨ ਜਨਮ ਸਾਖੀ ਵਿੱਚ ਇਸ ਕਿਤਾਬ ਦਾ ਪੋਥੀ ਰੂਪ ਵਿਚ ਜ਼ਿਕਰ ਮਿਲਦਾ ਹੈ।[4] ਜਦੋਂ ਕਿ ਗੁਰੂ ਨਾਨਕ ਦੇਵ ਦੇ ਪ੍ਰਲੋਕ ਧਿਆਨਾ ਕਰਨ ਉਪਰੰਤ ਗੁਰੂ ਅੰਗਦ ਦੇਵ ਨੂੰ ਇਹ ਪੋਥੀ ਪ੍ਰਾਪਤ ਹੋਈ ਸੀ 'ਸੋ ਪੋਥੀ ਜ਼ੁਬਾਨਿ ਗੁਰ ਅੰਗਦ ਜੋਗ ਮਿਲੀ।'

ਅਸਲ ਵਿਚ ਨਾਨਕ ਗੱਦੀ ਦੇ ਵਿਰੋਧੀ ਗੁਰੂ ਨਾਨਕ ਦੇਵ ਦੇ ਜੀਵਨ ਕਾਲ ਵਿਚ ਹੀ ਆਪਣਾ ਵਿਰੋਧੀ ਕਾਰਜ ਆਰੰਭ ਕਰ ਦੇਂਦੇ ਹਨ,ਜਦੋਂ ਗੁਰੂ ਨਾਨਕ ਦੇਵ ਚਲਦੀ ਰਾਜਨੀਤਕ ਪ੍ਰਪੰਰਾ ਅਨੁਸਾਰ ਆਪਣੇ ਬੇਟੇ ਨੂੰ ਗੱਦੀ ਦਾ ਵਾਰਸ ਬਣਾਉਣ ਦੀ ਥਾਂ ਭਾਈ ਲਹਿਣੇ ਨੂੰ ਗੱਦੀ ਦੇ ਯੋਗ ਸਮਝ ਉਸਨੂੰ ਮੱਥਾ ਟੇਕ ਕੇ ਸੰਗਤ ਨੂੰ ਭਾਈ ਲਹਿਣੇ ਦੀ ਥਾਂ ਗੁਰੂ ਅੰਗਦ ਨਾਮ ਦਿੱਤੇ ਆਪਣੇ ਵਾਰਸ ਨੂੰ ਸਤਿਕਾਰ ਸਮਰਪਿਤ ਕਰਨ ਦਾ ਆਦੇਸ਼ ਦਿੰਦੇ ਹਨ ਕਿਉਂਕਿ ਉਹਨਾਂ ਸਾਹਮਣੇ ਗੱਦੀ ਦਾ ਮਾਪਦੰਡ "ਤਖਤਿ ਬਹੈ ਤਖਤੈ ਕੀ ਲਾਇਕ॥[5] ਹੀ ਹੁੰਦਾ ਹੈ ਜੋ ਬਾਬਾ ਸ੍ਰੀ ਚੰਦ ਦੀ ਥਾਂ ਤੇ ਗੁਰ ਕਸਵੱਟੀ ਉਤੇ ਕੀਤਾ ਹੋਇਆ ਇਕ ਨਿਆਂਸ਼ੀਲ ਤੇ ਉਚਿਤ ਨਿਰਣਾ ਹੁੰਦਾ ਹੈ। ਗੁਰੂ ਘਰ ਦੇ ਵਿਰੋਧੀ ਦੇਵ ਬਾਣੀ ਵਿਚ ਆਪਣੀ ਇੱਛਾ ਅਨੁਸਾਰ ਕਈ ਤਰ੍ਹਾਂ ਦੇ ਵਾਧੇ ਘਾਟੇ ਕਰਦੇ ਹਨ ਜੋ ਗੁਰੂ ਅਮਰਦਾਸ ਜੀ ਦੇ ਵਕਤ ਸਪੱਸ਼ਟ ਰੂਪ ਵਿਚ ਉਘੜ ਕੇ ਸਾਹਮਣੇ ਆਉਂਦੇ ਹਨ ਇਸੇ ਲਈ ਹੀ ਗੁਰੂ ਅਮਰਦਾਸ ਆਨੰਦ ਸਾਹਿਬ ਵਿਚ ਕੱਚੀ ਅਤੇ ਸੱਚੀ ਬਾਣੀ ਦੇ ਨਾਲ ਨਾਲ ਕੱਚੇ ਅਤੇ ਸੱਚੇ ਲੇਖਕਾਂ ਬਾਰੇ ਫਰਕ ਪ੍ਰਗਟਾਉਂਦੇ ਹਨ:

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥

ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥

ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥[6]

ਗੁਰੂ ਅਰਜਨ ਦੇਵ ਨੇ ਇਸੇ ਹੀ ਕੁਰੀਤੀ ਨੂੰ ਠੱਲ ਪਾਉਣ ਲਈ ਕੱਚੀ ਤੇ ਪੱਕੀ, ਝੂਠੀ ਤੇ ਸੱਚੀ ਬਾਣੀ ਅਤੇ ਕੱਚੇ ਅਤੇ ਸੱਚੇ ਵਿੱਚ ਫਰਕ ਨੂੰ ਸਥਾਪਿਤ ਕਰਨ ਲਈ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ।

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਇਕ ਹੋਰ ਪਹਿਲੂ ਗੁਰੂ ਅਰਜਨ ਦੇਵ ਦੇ ਸਾਹਮਣੇ ਗੁਰੂ ਘਰ ਦੇ ਕੀਰਤਨੀਆਂ ਸਾਹਮਣੇ ਕੀਰਤਨ ਕਰਨ ਲਈ ਪ੍ਰਮਾਣਿਕ ਬਾਣੀਆਂ ਨਿਸ਼ਚਿਤ ਕਰਨ ਦੀ ਭਾਵਨਾ ਵੀ ਕੰਮ ਕਰਦੀ ਹੈ। ਇਹ ਸਥਿਤੀ ਗੁਰੂ ਅਰਜਨ ਦੇਵ ਦੇ ਸਮੇਂ ਗੁਰੂ ਘਰ ਦੇ ਵਰਸਾਏ ਹੋਏ ਸੱਤਾ ਤੇ ਬਲਵੰਡ ਨੇ ਆਪਣੀ ਬੇਟੀ ਦੇ ਵਿਆਹ ਸਮੇਂ ਗੁਰੂ ਘਰ ਤੋਂ ਲੋੜ ਨਾਲੋਂ ਵੱਧ ਕਿਤੇ ਜਿਆਦਾ ਰਕਮ ਦੀ ਮੰਗ ਕਰਨ ਉਤੇ ਗੁਰੂ ਪਾਤਸ਼ਾਹ ਦੇ ਇਨਕਾਰ ਕਰਨ ਨਾਲ ਉਹਨਾਂ ਵੱਲੋਂ ਕੀਰਤਨ ਬੰਦ ਕਰਨ ਦੀ ਅਵਸਥਾ ਪੈਦਾ ਹੋ ਗਈ ਕਿਉਂਕਿ ਉਸ ਵਕਤ ਤੱਕ ਗੁਰੂ ਘਰ ਦੇ ਸਧਾਰਨ ਕੀਰਤਨੀਆਂ ਨੂੰ ਨਿਸ਼ਚਿਤ

ਤੌਰ ਤੇ ਇਹ ਪਤਾ ਹੀ ਨਹੀਂ ਸੀ ਲੱਗਦਾ ਕਿ ਕਿਹੜੀ ਬਾਣੀ ਨੂੰ ਧੁਰ ਕੀ ਜਾਂ ਖਸਮ ਦੀ ਬਾਣੀ ਹੈ ਅਤੇ ਕਿਹੜੀ ਉਹਨਾਂ ਗੁਰੂ ਘਰ ਦੇ ਵਿਰੋਧੀਆਂ ਵੱਲੋਂ ਨਾਨਕ ਨਾਮ ਹੇਠਾਂ ਲਿਖਕੇ, ਨਾਨਕ ਨਾਮ ਲੇਵਾ ਸੰਗਤ ਨੂੰ ਭੰਬਲਭੂਸੇ ਵਿਚ ਪਾਇਆ ਜਾਂਦਾ ਹੈ।[7]

ਗੁਰੂ ਅਰਜਨ ਦੇਵ ਨੇ ਵੱਖ-ਵੱਖ ਸੋਮਿਆਂ ਤੋਂ ਬੜੀ ਮਿਹਨਤ ਨਾਲ ਬਾਣੀ ਨੂੰ ਇਕੱਠਿਆਂ ਕੀਤਾ ਪ੍ਰਮੁੱਖ ਤੌਰ ਤੇ ਇਹ ਸੋਮੇ ਤਿੰਨ ਤਰ੍ਹਾਂ ਦੇ ਹਨ। ਇਕ ਸੋਮਾ ਗੁਰੂ ਅਮਰਦਾਸ ਜੀ ਦੇ ਬੇਟੇ ਬਾਬਾ ਮੋਹਨ ਜੀ ਵੱਲੋਂ ਪੋਥੀਆਂ ਪ੍ਰਾਪਤ ਕਰਨ ਦਾ ਹੈ। ਬਾਬਾ ਮੋਹਨ ਜੀ ਆਪਣੇ ਸਤਿਕਾਰਤ ਪਿਤਾ ਵਲੋਂ ਗੁਰਗੱਦੀ ਨਾ ਸੌਂਪੇ ਜਾਣ ਉਤੇ ਅਤੇ ਇਹ ਗੱਦੀ ਗੁਰੂ ਰਾਮਦਾਸ ਜੀ ਨੂੰ ਦਿੱਤੇ ਜਾਣ ਕਾਰਣ ਨਰਾਜ਼ਗੀ ਵੱਸ ਗੁਰੂ ਪਿਤਾ ਦੁਆਰਾ ਪ੍ਰਾਪਤ ਹੋਈਆਂ ਪੋਥੀਆਂ ਲੈ ਕੇ ਇਕ ਚੁਬਾਰੇ ਉਤੇ ਜਾ ਬੈਠਦੇ ਹਨ। ਗੁਰੂ ਅਰਜਨ ਦੇਵ ਪਹਿਲਾ ਭਾਈ ਗੁਰਦਾਸ ਜੀ ਨੂੰ ਤੇ ਫੇਰ ਬਾਬਾ ਬੁੱਢਾ ਜੀ ਨੂੰ ਉਹ ਸਤਿਕਾਰਤ ਪੋਥੀਆਂ ਲੈਣ ਲਈ ਭੇਜਦੇ ਹਨ ਪਰ ਬਾਬਾ ਮੋਹਨ ਜੀ ਵਲੋਂ ਬੜੇ ਕਠੋਰ ਰੂਪ ਵਿਚ ਇਨਕਾਰ ਕੀਤੇ ਜਾਣ ਉਤੇ ਆਪ ਗੁਰੂ ਅਰਜਨ ਦੇਵ ਬਾਬਾ ਮੋਹਨ ਜੀ ਦੇ ਚੁਬਾਰੇ ਹੇਠ ਬੈਠ ਕੇ ਹੇਠ ਲਿਖੇ ਸ਼ਬਦ ਦਾ ਕੀਰਤਨ ਨਿਰੰਤਰ ਕਰੀ ਜਾਂਦੇ ਹਨ, ਬਿਨਾਂ ਇਸ ਗੱਲ ਦੀ ਪ੍ਰਵਾਹ ਦੇ ਕਿ ਬਾਬਾ ਮੋਹਨ ਜੀ ਉਹਨਾਂ ਨੂੰ ਕਿਸ ਪ੍ਰਕਾਰ ਦੇ ਕੁਬੋਲ ਬੋਲੀ ਜਾਂਦੇ ਹਨ। ਨਿਮਰਤਾ ਅਤੇ ਸਹਿਜ ਦੀ ਮੂਰਤ ਗੁਰੂ ਅਰਜਨ ਦੇਵ ਜੀ ਦੇ ਅਟੱਲ ਸਹਿਜ ਅਤੇ ਨਿਰਮਾਣ ਭਰੇ ਕੀਰਤਨ ਤੋਂ ਪਸੀਜ ਕੇ ਉਹ ਦੋ ਪੋਥੀਆਂ ਗੁਰੂ ਅਰਜਨ ਦੇਵ ਨੂੰ ਦੇ ਦਿੰਦੇ ਹਨ:

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥

ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ॥

ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ॥

ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ॥

ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ॥

ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖ ਸਾਰਾ ॥ [8]

ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ:

ਬਾਬਾ ਮੋਹਨ ਨੇ ਇਹ ਸ਼ਬਦ ਸੁਣ ਕੇ ਅਤੇ ਗੁੱਸੇ ਵਿਚ ਆ ਕੇ ਚੁਬਾਰੇ ਦੀ ਤਾਕੀ ਖੋਲਕੇ ਗੁਰੂ ਜੀ ਨਾਲ ਬੋਲ ਕੁਬੋਲ ਕੀਤੇ। ਗੁਰੂ ਜੀ ਇਸ ਸ਼ਬਦ ਦੇ ਅਗਲੇ ਪਦੇ ਦਾ ਕੀਰਤਨ ਕਰਦੇ ਗਏ ਅਤੇ ਅੰਤ ਵਿੱਚ ਕੀਰਤਨ ਤੋਂ ਪਸੀਜ ਕੇ ਬਾਬਾ ਮੋਹਨ ਨੇ ਦੋਵੇਂ ਪੋਥੀਆਂ ਗੁਰੂ ਸਾਹਿਬ ਜੀ ਨੂੰ ਉਤਾਰਾ ਕਰਨ ਲਈ ਦੇ ਦਿੱਤੀਆਂ ।[9]

ਦੂਸਰਾ ਇਸ ਗ੍ਰੰਥ ਦੀ ਬਾਣੀ ਦਾ ਸਰੋਤ ਚੌਥੇ ਗੁਰੂ, ਗੁਰੂ ਰਾਮਦਾਸ ਜੀ ਦੁਆਰਾ ਆਪ ਜੀ ਨੂੰ ਗੁਰਗੱਦੀ ਸੌਂਪਣ ਸਮੇਂ ਉਹਨਾਂ ਦੀ ਨਿੱਜੀ ਬਾਣੀ ਪ੍ਰਾਪਤ ਹੋਣਾ ਹੈ ਜੋ ਕਿ ਉਹਨਾਂ ਨੇ ਤੇ ਉਹਨਾਂ ਦੇ ਆਲੇ ਦੁਆਲੇ ਰਹਿੰਦੇ ਸਿੱਖਾਂ ਨੇ ਸੰਭਾਲ ਕੇ ਰੱਖੀ ਹੁੰਦੀ। ਇਸ ਗ੍ਰੰਥ ਵਿਚਲੀ ਬਾਣੀ ਦਾ ਤੀਸਰਾ ਸੋਮਾ ਉਹ

ਬਾਣੀ ਹੈ ਜੋ ਗੁਰੂ ਸਾਹਿਬ ਵੱਖਰੀਆਂ-ਵੱਖਰੀਆਂ ਥਾਵਾਂ ਤੇ ਵਿਚਰਦੇ ਹੋਏ ਸਤਿਕਾਰਤ ਬਾਣੀਕਾਰਾਂ ਕੋਲੋਂ ਜਾ ਉਹਨਾਂ ਦੇ ਪੈਰੋਕਾਰਾਂ ਕੋਲੋਂ ਉਹਨਾਂ ਦੀ ਰਚਨਾ ਇਕੱਤਰ ਕਰਨ ਲਈ ਆਪਣੇ ਵਿਸ਼ਵਾਸੀ ਸਿੱਖਾਂ ਨੂੰ ਭੇਜਦੇ ਸਨ। ਭਗਤਾਂ ਦੀ ਬਾਣੀ ਮੁੱਖ ਰੂਪ ਵਿਚ ਸਰੋਤਾਂ ਰਾਹੀਂ ਗੁਰੂ ਸਾਹਿਬ ਕੋਲ ਪਹੁੰਚਦੀ ਹੈ।

ਗੁਰੂ ਸਾਹਿਬ ਦੀ ਆਪਣੀ ਬਣਾਈ ਨਿਆਂਸ਼ੀਲ ਟਕਸਾਲੀ ਕਸਵੱਟੀ ਉਤੇ ਜਿਹੜੀ ਰਚਨਾ ਪੂਰੀ ਨਹੀਂ ਉਤਰਦੀ ਉਸਨੂੰ ਗੁਰੂ ਪਾਤਸ਼ਾਹ ਆਪਣੇ ਗ੍ਰੰਥ ਵਿਚ ਕੋਈ ਥਾਂ ਨਹੀਂ ਦਿੰਦੇ। ਬਹੁਤੇ ਸਮਕਾਲੀ ਪੀਲੂ, ਸ਼ਾਹ ਹੁਸੈਨ ਵੱਲੋਂ ਇਤਿ ਆਦਿ ਬੇਸ਼ੱਕ ਆਪ ਦੇ ਅਜਿਹੀ ਚੋਣਕਾਰੀ ਦੀ ਕਸਵੱਟੀ ਤੋਂ ਆਪ ਨਾਲ ਖਫਾ ਹੋ ਜਾਂਦੇ ਹਨ ਪਰ ਗੁਰੂ ਸਾਹਿਬ ਦੀ ਸੰਪਾਦਨਾ ਦਾ ਇੱਕੋ ਇੱਕ ਮਾਪਦੰਡ ਨਿਰਗੁਣਵਾਦੀ ਭਗਤੀ ਧਾਰਾ ਦੇ ਰਚਨਾਕਾਰਾਂ ਦੀ ਭਾਵਾਤਮਕਤਾ ਨੂੰ ਹੀ ਰੱਖਿਆ ਗਿਆ ਹੈ। ਉਹ ਕਿਸੇ ਵੀ ਸੂਰਤ ਵਿਚ ਅਜਿਹੀ ਭਾਵਾਤਮਕਤਾ ਨਾਲ ਅਰਥਾਤ ਗੁਰਬਾਣੀ ਦੇ ਮੂਲ ਸਿਧਾਂਤਾਂ ਦੀ ਵਿਰੋਧਤਾ ਨਾਲ ਸਮਝੌਤਾ ਨਹੀਂ ਕਰਦੇ ਪਰ ਇਸਦੇ ਨਾਲ ਹੀ ਜਿਥੇ ਗੁਰੂ ਸਾਹਿਬ ਨੂੰ ਕੋਈ ਨਾਮਾਤਰ ਵਿਰੋਧ ਨਜ਼ਰ ਆਉਂਦਾ ਹੈ ਜਾਂ ਕਿਸੇ ਇਕ ਵਿਚਾਰ ਦੇ ਸਪਸ਼ਟੀਕਰਣ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਤਾਂ ਉਥੇ ਉਸ ਰਚਨਾ ਦੇ ਨਾਲ ਆਪਣੀ ਬਾਣੀ ਦੀਆਂ ਕੁਝ ਤੁਕਾਂ ਜਾਂ ਪੂਰਬਲੇ ਗੁਰੂ ਸਾਹਿਬਾਨ ਦੀ ਬਾਣੀ ਦਾ ਕੋਈ ਸਲੋਕ ਜਾਂ ਪਦਾ ਦਰਜ ਕਰਦੇ ਹਨ ਵਿਸ਼ੇਸ਼ ਤੌਰ ਤੇ ਸ਼ੇਖ ਫਰੀਦ ਦੇ 130 ਸਲੋਕਾਂ ਵਿੱਚੋਂ 118 ਸਲੋਕ ਤਾਂ ਬਾਬਾ ਫ਼ਰੀਦ ਦੇ ਹਨ ਤੇ 12 ਸਲੋਕ ਉਹਨਾਂ ਦੇ ਕਿਸੇ ਪਹਿਲੂ ਤੋਂ ਦਿਤੇ ਹੋਈ ਸਪੱਸ਼ਟੀਕਰਨ ਦੇ ਹਨ। ਫ਼ਰੀਦ ਬਾਣੀ ਦਾ ਇਕ ਸਲੋਕ :

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ॥

ਜੋ ਤਨੁ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ॥

ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥

ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ॥

ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ ॥

ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥

ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ ॥੫੨॥[10]

ਇਥੇ ਗੁਰੂ ਸਾਹਿਬ ਨੂੰ ਆਮ ਸਧਾਰਨ ਪਾਠਕ ਵੱਲੋਂ ਪੈਦਾ ਹੋਣ ਵਾਲੇ ਕਿਸੇ ਸ਼ੰਕੇ ਦਾ ਅੰਦਾਜ਼ਾ ਲੱਗਦਾ ਹੈ ਕਿ ਕੋਈ ਸਰੀਰ ਕਿਵੇਂ ਖੂਨ ਤੋਂ ਬਿਨਾਂ ਰਹਿ ਸਕਦਾ ਹੈ। ਗੁਰੂ ਸਾਹਿਬ ਇਸਦੇ ਸਪਸ਼ਟੀਕਰਣ ਵਿਚ ਖੂਨ ਦੇ ਕਿਸਮ ਦੀ ਗਲ ਕਰਦੇ ਹਨ। ਇਹ ਰਤ (ਖੂਨ) ਸਰੀਰ ਨੂੰ ਚਲਾਉਣ ਵਾਲੀ ਸ਼ਕਤੀ ਨਹੀਂ ਇਥੇ ਰਤ ਤੋਂ ਭਾਵ ਸਭ ਦਾ ਖੂਨ ਹੈ। ਆਮ ਤੇ ਸਧਾਰਨ ਇਨਸਾਨਾਂ ਵਿਚ ਫਰਕ ਸਿਰਫ ਇੰਨਾ ਹੁੰਦਾ ਹੈ ਕਿ ਪਰਮਾਤਮਈ ਪਿਆਰ ਵਿਚ ਗੜੂੰਦ ਇਨਸਾਨਾਂ ਵਿਚੋਂ ਲੋਭ ਰਤ ਖਤਮ ਹੋ ਜਾਂਦਾ ਹੈ ਜਿਹਾ ਕਿ:

ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤਨੁ ਨ ਹੋਇ॥

ਜੋ ਸਹਿ ਰਤੇ ਆਪਣੈ ਤਿਨ ਤਨਿ ਲੋਭ ਰਤੁ ਨ ਹੋਇ ॥

ਭੈ ਪਇਐ ਤਨੁ ਖੀਣੁ ਹੋਇ ਲੋਭ ਰਤੁ ਵਿਚਹੁ ਜਾਇ ॥

ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥

ਨਾਨਕ ਤੇ ਜਨ ਸੋਹਣੇ ਜੋ ਰਤੇ ਹਰਿ ਰੰਗੁ ਲਾਇ ॥੧॥ [11]

ਬਾਣੀਕਾਰ ਇਸ ਗ੍ਰੰਥ ਵਿਚ ਵੱਖ ਵੱਖ ਸਮਿਆਂ, ਇਲਾਕਿਆਂ, ਵਿਚ ਰਹਿਣ ਵਾਲੇ ਅਤੇ ਵੱਖ ਵੱਖ ਤਰ੍ਹਾਂ ਦੇ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਰਹੁ-ਰੀਤਾਂ ਨੂੰ ਮਾਨਣ ਵਾਲਿਆਂ ਦੀ ਰਚਨਾ ਨੂੰ ਇਕ ਥਾਂ ਤੇ ਇਕੱਠਾ ਕਰਦੇ ਹਨ ਤਾਂ ਉਥੇ ਇੱਕ ਤਾਂ ਪਰਮਾਤਮਈ ਪਿਆਰ ਵਿਚ ਉਸਦੇ ਹੁਕਮ ਨਾਲ ਰਚਨਾ ਕਰਨ ਵਾਲੇ ਵੱਖ ਵੱਖ ਭਗਤਾਂ ਦੀ ਬਾਣੀ ਨੂੰ ਨਾਨਕ ਨਾਮ ਲੇਵਾ ਤੱਕ ਪਹੁੰਚਾਉਣ ਅਤੇ ਦੂਸਰਾ ਜਾਤੀਵਾਦ, ਇਲਾਕਾਵਾਦ, ਭਾਸ਼ਾਵਾਦ ਦੇ ਖਿਆਲ ਦਾ ਖਾਤਮਾ ਕਰਨਾ ਹੈ। ਜਿਸ ਨਾਲ ਸਮੁੱਚੀ ਲੋਕਾਈ ਨੂੰ ਰਾਸ਼ਟਰੀ ਭਰਾਤਰੀ ਭਾਵਨਾ ਦੀ ਇਕ ਲੜੀ ਵਿਚ ਪ੍ਰੋਰਿਆ ਜਾ ਸਕੇ। ਨਿਰਗੁਣ ਭਗਤੀ ਧਾਰਾ ਨਾਲ ਇਕਸੁਰ ਹੋਏ ਭਗਤ ਨਾਮਦੇਵ (ਬੰਗਾਲ), ਬਾਬਾ ਫ਼ਰੀਦ (ਮੁਲਤਾਨ), ਭਗਤ ਭੀਖਣ (ਲਖਨਊ), ਭਗਤ ਧੰਨਾ (ਧੁਆਨਨਗਰ), ਭਗਤ ਰਾਮਾਨੰਦ (ਮਹਾਂਰਾਸ਼ਟਰ) ਇਤਿ ਆਦਿ ਇਲਾਕਿਆਂ ਦੇ ਹਨ। ਇਸ ਗ੍ਰੰਥ ਵਿਚ ਕ੍ਰਿਸ਼ਨ ਜੀ ਦੇ ਭਗਤ ਸੂਰਦਾਸ ਅਤੇ ਮਰਾਸੀ ਪਰਿਵਾਰ ਦੇ ਮਰਦਾਨਾ ਜੀ ਦੀ ਬਾਣੀ ਵੀ ਦਰਜ ਹੈ।

ਵਿਸ਼ਵ ਦੇ ਸਮਸਤ ਧਾਰਮਿਕ ਗ੍ਰੰਥਾਂ ਵਿਚ ਕੇਵਲ ਤੇ ਕੇਵਲ ਆਪਣੇ ਧਰਮ ਦਾ ਹੀ ਪ੍ਰਚਾਰ ਤੇ ਪ੍ਰਸਾਰ ਮਿਲਦਾ ਹੈ, ਕਿਸੇ ਹੋਰ ਧਰਮ ਨਾਲ ਸੰਬੰਧਤ ਵਿਚਾਰ ਜਾਂ ਸਿਧਾਂਤ ਭਾਵੇਂ ਉਹ ਕਿੰਨਾ ਵੀ ਕੀਮਤੀ ਤੇ ਅਮੋਲਕ ਹੋਵੇ, ਕੋਈ ਥਾਂ ਨਹੀਂ ਦਿੱਤੀ ਗਈ। ਧਾਰਮਿਕ ਅਦਾਰਿਆਂ ਵਿਚ `ਈਸ਼ਵਰ ਅਲਾਹ ਤੇਰੇ ਨਾਮ ਦੀ' ਦੀ ਲਗਾਤਾਰ ਲਗਾਈ ਜਾਂਦੀ ਸ਼ਾਬਦਿਕ ਰੱਟ ਕੇਵਲ ਇਸ ਗ੍ਰੰਥ ਵਿਚ ਹੀ ਅਮਲੀ ਜਾਮਾ ਧਾਰਨ ਕਰਦੀ ਹੈ। ਇੱਥੇ ਮੰਦਰਾਂ ਦੇ ਟੱਲਾਂ ਦੀਆਂ ਅਵਾਜ਼ਾਂ ਵੀ ਸੁਣਾਈ ਦਿੰਦੀਆਂ ਹਨ ਤੇ ਮਸੀਤ ਵਿਚਲੀਆਂ ਉੱਚੀਆਂ ਉੱਚੀਆਂ ਬਾਂਗਾਂ ਵੀ ਕੰਨਾਂ ਤੱਕ ਪਹੁੰਚੀਆਂ ਹਨ। ਗੁਰਬਾਣੀ ਵਿਚ "ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥[12] ਸ਼ਬਦਾਂ ਦੁਆਰਾ ਪਰਮਾਤਮਾ ਦੀ ਅਨੇਕ ਨਾਵਾਂ ਅਤੇ ਅਨੰਤ ਰੂਪਾਂ ਦਾ ਜ਼ਿਕਰ ਹੋਇਆ ਮਿਲਦਾ ਹੈ ਉਹ ਇਸ ਗ੍ਰੰਥ ਵਿਚ ਅੱਲਾ, ਕ੍ਰਿਸ਼ਨ, ਰਾਮ, ਰਹੀਮ, ਬੀਠਲ, ਈਸ਼ਵਰ ਇਤਿ ਆਦਿ ਨਾਂ ਹੇਠ ਮਿਲਦੇ ਹਨ। ਅਜਿਹੇ ਵਿਸ਼ਾਲ ਮਾਨਵੀ ਇਕੱਤਰੀਕਰਨ ਦੀ ਸੋਚ ਸਮੁੱਚੇ ਵਿਸ਼ਵ ਨੂੰ ਸੌੜੇ ਸੁਆਰਥੀ ਹਿੱਤਾਂ ਅਤੇ ਤੰਗ ਸੋਚਾਂ ਤੋਂ ਉਪਰ ਚੁੱਕ ਕੇ ਇੱਕ ਮਾਨਵਵਾਦੀ ਸੂਤਰ ਵਿੱਚ ਪਰੋਂਦੀ ਹੈ।

ਇਸ ਗ੍ਰੰਥ ਵਿਚ ਭਗਤ ਕਬੀਰ ਤੇ ਭਗਤ ਰਵਿਦਾਸ ਦਾ ਨਿਰਗੁਣ ਭਗਤੀ ਧਾਰਾ ਵਿਚਲੀ ਰਚਨਾ ਨੂੰ ਸ਼ਾਮਿਲ ਕਰਕੇ ਅਤੇ ਫੇਰ ਉਸਨੂੰ ਆਪਣੇ ਬਰਾਬਰ ਦੀ ਬਾਣੀ ਦੀ ਉਪਾਧੀ ਦੇ ਕੇ ਅਖੌਤੀ ਨੀਵੀਂ ਜਾਤ ਦੇ ਰਚਨਹਾਰਾਂ ਦੀ ਉਚਤਾ ਤੇ ਸ੍ਰੇਸ਼ਟਤਾ ਨੂੰ ਸਥਾਪਿਤ ਕੀਤਾ ਹੈ ਅਤੇ ਇਸਦੇ ਨਾਲ ਹੀ ਅਖੌਤੀ ਉੱਚੀ ਬ੍ਰਾਹਮਣੀ ਜਾਤ ਨੂੰ ਇਕ ਚੁਣੌਤੀ ਦਿੱਤੀ ਹੈ:

ਸੂਦ ਸੂਦ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥[13]

ਅਰਥਾਤ ਮੰਦਰ ਵਿੱਚੋਂ ਨਾਮਦੇਵ ਨੂੰ ਸ਼ੂਦਰ ਸੂਦਰ ਕਹਿ ਕੇ ਉਠਾ ਕੇ ਬਾਹਰ ਕੱਢਣ ਵਾਲੇ ਨੂੰ ਚਾਰੇ ਪਾਸਿਆਂ ਤੋਂ ਖੁੱਲੇ ਦਰਵਾਜ਼ਿਆਂ ਵਾਲੇ ਹਰਿਮੰਦਰ ਸਾਹਿਬ ਵਿਚ ਪੱਕੇ ਤੌਰ ਤੇ ਸੁਸ਼ੋਭਿਤ ਕਰਕੇ ਨਾਨਕ ਨਾਮ ਲੇਵਾ ਨੂੰ ਉਹਨਾਂ ਦੀ ਬਾਣੀ ਨੂੰ ਗੁਰੂ ਸਾਹਿਬਾਨ ਵਾਂਗੂੰ ਨਮਸਕਾਰ ਕਰਨ ਦਾ ਆਦੇਸ਼ ਦੇ ਕੇ ਕਿਰਤੀ ਨੇਕ ਨਿਰਮਲ, ਮਾਨਵ ਦੀ ਸ੍ਰੇਸ਼ਟਾ ਨੂੰ ਦਸਦਿਆਂ ਹੋਇਆ ਇਕ ਮੱਤ ਸਪਸ਼ਟ ਕਰ ਦਿੱਤਾ ਹੈ ਕਿ ਕਮਜ਼ਾਤ ਅਖੌਤੀ ਨੀਵੀਂ ਸ਼੍ਰੇਣੀ ਵਿਚ ਪੈਦਾ ਹੋਇਆ ਇਨਸਾਨ ਨਹੀਂ ਸਗੋਂ 'ਖਸਮ ਵਿਸਾਰੇ ਤੇ ਕਮਜਾਤਿ' ਅਰਥਾਤ ਖ਼ਸਮ ਨੂੰ ਵਿਸਾਰਣ ਵਾਲਾ ਹਰ ਕੋਈ ਅਖੌਤੀ ਬ੍ਰਾਹਮਣ ਜਾਂ ਸ਼ੂਦਰ ਕਮਜ਼ਾਤ ਹੁੰਦਾ ਹੈ ਅਤੇ ਖਸਮ ਨੂੰ ਯਾਦ ਰੱਖਣ ਵਾਲਾ ਉਚੀ ਜਾਤ ਦਾ ਸਨਮਾਨਿਤ ਵਿਅਕਤੀ ਹੁੰਦਾ ਹੈ।

ਡਾ. ਦਰਸ਼ਨ ਸਿੰਘ ਦਾ ਮਤ ਹੈ ਕਿ "ਗੁਰੂ ਅਰਜਨ ਦੇਵ ਨੇ ਵਿਭਿੰਨਤਾਵਾਂ ਦੇ ਬਾਵਜੂਦ ਵਿਚਾਰਾਂ ਦੀ ਅਖੰਡਤਾ ਨੂੰ ਕਾਇਮ ਰੱਖਿਆ ਹੈ। ਇਹ ਪਵਿੱਤਰ ਗ੍ਰੰਥ ਉਸ ਸਮੇਂ ਦੀ ਬਹੁਪੱਖੀ ਚੇਤਨਾ ਦਾ ਸਾਂਝਾ ਟਿਕਾਣਾ ਤੇ ਪ੍ਰਗਟਾਓ ਬਣਦਾ ਹੈ। ਇਹ ਇੱਕ ਐਸਾ ਸੁਚੇਤ ਤਜਰਬਾ ਹੈ, ਅਨੇਕਤਾ ਤੋਂ ਏਕਤਾ ਦੇ ਪ੍ਰਗਟਾਓ ਦਾ, ਜਿਹੜਾ ਅਜੇ ਤੱਕ ਦੋਹਰਾਇਆ ਨਹੀਂ ਗਿਆ, ਨਾ ਇਸਦੀ ਸੰਪਾਦਨਾ ਤੋਂ ਪਹਿਲਾਂ ਤੇ ਨਾ ਹੀ ਇਸਤੋਂ ਬਾਅਦ ।[14]

ਭਗਤ ਬਾਣੀ ਵਿਚ ਸ਼ਬਦ ਦੇ ਅਖੀਰ ਉਤੇ ਵਸ਼ਿਸ਼ਟ ਭਗਤ ਦਾ ਨਾਂ ਆਉਂਦਾ ਹੈ, ਪਰ ਗੁਰੂ ਸਾਹਿਬ ਨੇ ਉਸ ਭਗਤ ਦੀ ਬਾਣੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਉਸ ਭਗਤ ਸੰਬੰਧੀ ਬੜੇ ਸਤਿਕਾਰ ਸਹਿਤ ਇਸ ਤਰ੍ਹਾਂ ਲਿਖਿਆ ਹੈ; ਧਨਾਸਰੀ ਭਗਤ ਰਵਿਦਾਸ ਜੀ ਕੀ, ਰਾਗ ਸੂਹੀ ਸ੍ਰੀ ਕਬੀਰ ਜੀਉ ਤਥਾ ਭਗਤਾ ਕੀ, ਰਾਗ ਆਸਾ ਬਾਣੀ ਭਗਤਾਂ ਕੀ, ਕਬੀਰ ਜੀਉ, ਨਾਮਦੇਵ ਜੀਉ, ਰਵਿਦਾਸ ਜੀਉ ਇਤਿ ਆਦਿ। ਗੁਰੂ ਅਰਜਨ ਦੇਵ ਜੀ ਕਿਉਂਕਿ ਬੜੇ ਇਮਾਨਦਾਰ ਤੇ ਚਿੰਤਨਸ਼ੀਲ ਸੰਪਾਦਕ ਹਨ ਉਹਨਾਂ ਨੂੰ ਭਗਤਾਂ ਦੁਆਰਾ ਰਚੀ ਬਾਣੀ ਦੀ ਲਾਸਾਨੀ ਮਹਤੱਤਾ ਦਾ ਪੂਰਨ ਅਹਿਸਾਸ ਹੈ। ਉਹ ਉਹਨਾਂ ਭਗਤਾਂ ਦਾ ਬਹੁਤ ਜ਼ਿਆਦਾ ਸਤਿਕਾਰ ਕਰਦੇ ਹਨ। ਗੁਰੂ ਪਾਤਸ਼ਾਹ ਦੁਆਰਾ ਕੀਤੇ ਗਏ ਭਗਤਾਂ ਦੇ ਸਤਿਕਾਰ ਤੋਂ ਨਾਨਕ ਨਾਮ ਲੇਵਾ ਵਿਚ ਉਹਨਾਂ ਪ੍ਰਤੀ ਵਸ਼ਿਸ਼ਟ ਸਤਿਕਾਰ ਪੈਦਾ ਹੁੰਦਾ ਹੈ। ਗੁਰੂ ਸਾਹਿਬ ਨੇ ਹੀ ਰਚਨਾਕਾਰਾਂ ਦੇ ਨਾਮ ਨਾਲ ਜੀ ਅਤੇ ਜੀਓ ਸ਼ਬਦ ਸਤਿਕਾਰ ਨਾਲ ਆਪ ਲਿਖਿਆ ਹੈ ਕਿਉਂਕਿ ਕੋਈ ਵੀ ਲੇਖਕ ਆਪਣੇ ਨਾਮ ਨਾਲ ਅਜਿਹਾ ਵਿਸ਼ੇਸ਼ਣ ਨਹੀਂ ਵਰਤਦਾ ਅਤੇ ਖ਼ਾਸ ਤੌਰ ਤੇ ਨਿਰਗਣ ਭਗਤੀ ਧਾਰਾ ਦੀ ਅਵਲੰਬੀ ਬਾਣੀਕਾਰ ਤਾਂ ਵੈਸੇ ਵੀ ਨਿਮਰਤਾ ਦੇ ਬਹੁਤ ਹੀ ਜਿਆਦਾ ਧਾਰਨੀ ਹਨ। ਗੁਰੂ ਸਾਹਿਬ ਦੀ ਅਜਿਹੀ ਸਤਿਕਾਰਤ ਪ੍ਰਵਿਰਤੀ ਇਕ ਟਕਸਾਲੀ ਤੇ ਸਘੜ ਸੰਪਾਦਕ ਦੀ ਹੀ ਨਿਖਰ ਕੇ ਸਾਹਮਣੇ ਆਉਂਦੀ ਹੈ।

ਗੁਰੂ ਸਾਹਿਬ ਦੇ ਵੱਖ ਵੱਖ ਸਾਧਨਾਂ ਤੋਂ ਬਾਣੀ ਇਕੱਠੀ ਕਰਕੇ ਆਦਿ ਗ੍ਰੰਥ ਦੀ ਸੰਪਾਦਨਾ ਦੇ ਮੰਤਵ ਨਾਲ 1599 ਈ. ਵਿਚ ਰਾਮਸਰ (ਅੰਮ੍ਰਿਤਸਰ) ਵਿਚ ਬੈਠ ਕੇ ਇਸ ਕਾਰਜ ਨੂੰ ਆਰੰਭ ਕੀਤਾ। ਆਪ ਦੇ 4 ਸਿੱਖਾਂ, ਸੰਤ ਦਾਸ, ਹਰੀਆ, ਸੁੱਖਾ ਅਤੇ ਮਨਸਾ ਰਾਮ ਨੇ ਜੋ ਆਮ ਤੌਰ ਤੇ ਗੁਰੂ ਸਾਹਿਬ ਦੇ ਨਾਲ ਹੀ ਹੁੰਦੇ ਸਨ, ਗੁਰੂ ਸਾਹਿਬ ਦੇ ਬੋਲੇ ਜਾਣ ਉਤੇ ਇਸਦਾ ਇਕ ਥਾਂ ਤੇ ਉਤਾਰਾ ਕੀਤਾ ਜੋ 1601 ਈ. ਨੂੰ ਸੰਪੂਰਨ ਹੋਇਆ। ਭਾਈ ਕੇਸਰ ਸਿੰਘ ਛਿੱਬਰ ਲਿਖਦੇ ਹਨ:

ਭਾਈ ਸੰਤਦਾਸ ਹਰੀਆ ਸੁਖਾ ਮਨਸਾ ਰਾਮ।

ਲਿਖਦੇ ਜਾਣ ਜੋ ਚਾਰੇ ਲਿਖਾਰੇ ਜੋ ਸਾਹਿਬ ਬਖਾਨ।[15]

ਗੁਰੂ ਸਾਹਿਬ ਨੇ ਸੰਪਾਦਨ ਦੇ ਇਸ ਕਾਰਜ ਦੀ ਸੇਵਾ ਭਾਈ ਗੁਰਦਾਸ ਜੀ ਜੋ ਅਰਬੀ, ਫਾਰਸੀ, ਬ੍ਰਿਜ ਭਾਸ਼ਾ ਅਤੇ ਸੰਸਕ੍ਰਿਤ ਦੇ ਬੜੇ ਵਿਦਵਾਨ ਹਨ ਜਿਹਨਾਂ ਨੇ 39 ਵਾਰਾਂ ਇਤਿ ਆਦਿ ਕਬਿੱਤ ਤੇ ਸਵੱਈਏ ਲਿਖੇ ਹਨ, ਨੂੰ ਇਸ ਸੰਪਾਦਨ ਕਾਰਜ ਦੀ ਲਿਖਤ ਦੀ ਸੇਵਾ ਬਖਸ਼ੀ। ਭਾਈ ਗੁਰਦਾਸ ਨੇ ਬੜੀ ਸ਼ਰਧਾ, ਮਿਹਨਤ, ਸਹਿਜ, ਸਿਆਣਪ, ਵਿਆਕਰਣ ਸ਼ੁੱਧਤਾ ਦੇ ਨਾਲ ਇਸਨੂੰ 1604 ਈ. ਵਿਚ ਸੰਪੂਰਨ ਕੀਤਾ ਜਿਸਨੂੰ ਸਿਖ ਸਮਾਜ ਵਿਚ ਆਦਿ ਗ੍ਰੰਥ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਛੇਵੇਂ,, ਸੱਤਵੇਂ ਤੇ ਅੱਠਵੇਂ ਗੁਰੂ ਸਾਹਿਬਾਨ ਨੇ ਰਚਨਾ ਨਹੀਂ ਕੀਤੀ। ਨੌਵੇਂ ਗੁਰੂ ਗੁਰੂ ਤੇਗ਼ ਬਹਾਦਰ ਜੀ ਨੇ 15 ਰਾਗਾਂ ਵਿਚ 59 ਸ਼ਬਦ ਅਤੇ 57 ਸਲੋਕ ਲਿਖੇ ਹਨ। ਕੇਵਲ ਆਪ ਨੇ ਹੀ ਜੈਜਾਵੰਤੀ ਰਾਗ ਵਿਚ ਬਾਣੀ ਦੀ ਰਚਨਾ ਕੀਤੀ ਹੈ।

ਦਸਵੇਂ ਗੁਰੂ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਇਕ ਸਾਹਿਤਕਾਰ ਹੋਣ ਦੇ ਨਾਤੇ ਦਸਮ ਗ੍ਰੰਥ ਦੀ ਰਚਨਾ ਕੀਤੀ, ਉਥੇ ਨਾਲ ਹੀ ਭਾਈ ਮਨੀ ਸਿੰਘ ਜੀ ਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚਲੇ ਰਾਗਾਂ ਅਨੁਸਾਰ ਇਸ ਗ੍ਰੰਥ ਵਿਚ ਦਰਜ ਕਰਵਾਇਆ। ਇਸ ਸੰਪੂਰਨ ਕਾਰਜ ਨੂੰ ਜੋ 1599 ਈ. ਵਿਚ ਸ਼ੁਰੂ ਹੋਇਆ ਸੀ ਅਤੇ ਇਸ ਗ੍ਰੰਥ ਦੇ ਰੂਪ ਵਿਚ ਆਪਣੀ ਚਰਮ ਸੀਮਾ ਨੂੰ ਪਹੁੰਚਦਾ ਹੈ, ਉਸਨੂੰ ਦਮਦਮੀ ਬੀੜ ਜਾਂ ਗੁਰੂ ਗ੍ਰੰਥ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸਨੂੰ ਟਕਸਾਲੀ ਬੀੜ ਮੰਨ ਕੇ ਇਸੇ ਤੋਂ ਹੀ ਛਾਪੇ ਖਾਨੇ ਦੁਆਰਾ ਦੂਸਰੀਆਂ ਬੀੜਾਂ ਤਿਆਰ ਕੀਤੀਆਂ ਜਾਦੀਆਂ ਹਨ। ਫਿਰ ਇਸੇ ਹੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪ੍ਰਲੋਕ ਗਮਨ ਕਰਨ ਤੋਂ ਥੋੜੀ ਦੇਰ ਪਹਿਲਾਂ 7 ਅਕਤੂਬਰ 1708 ਨੂੰ 'ਗੁਰੂ' ਦਾ ਦਰਜਾ ਦਿੱਤਾ ਜਿਸ ਨਾਲ ਸਿੱਖ ਜਗਤ ਵਿਚ ਸ਼ਬਦ ਗੁਰੂ ਦੀ ਪਰੰਪਰਾ ਜ਼ੋਰਦਾਰ ਰੂਪ ਵਿਚ ਸ਼ੁਰੂ ਹੁੰਦੀ ਹੈ। ਇਥੇ ਹੀ ਗੁਰੂ ਰਾਮਦਾਸ ਦਾਸ ਜੀ ਦੁਆਰਾ ਬਾਣੀ ਗੁਰੂ ਅਤੇ ਗੁਰੂ ਹੀ ਬਾਣੀ ਦਾ ਅਮਲੀ ਕਾਰਜ ਆਰੰਭ ਹੁੰਦਾ ਹੈ। ਬਾਣੀ ਪ੍ਰਤੱਖ ਗੁਰੂ ਹੈ ਅਤੇ ਇਸਨੂੰ ਮੰਨਣ ਵਾਲਿਆਂ ਦਾ ਪਾਰ ਉਤਾਰਾ ਹੁੰਦਾ ਹੈ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥

ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥[16]

ਗੁਰੂ ਗ੍ਰੰਥ ਸਾਹਿਬ ਦੀ ਤਰਤੀਬ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਹਿੱਸੇ ਵਿਚ ਜਪੁ ਹੈ ਜਿਸ ਵਿਚ 1 ਮੂਲਮੰਤਰ ਅਤੇ 38 ਪਉੜੀਆਂ ਅਤੇ ਅੰਤ ਸਲੋਕ ਹੈ। ਫਿਰ ਸੋਦਰੁ ਦੇ ਪੰਜ ਸ਼ਬਦ, ਸੋ ਪੁਰਖੁ ਦੇ ਚਾਰ ਅਤੇ ਇਸਤੋਂ ਬਾਅਦ ਸੋਹਿਲਾ ਜਿਸ ਵਿਚ ਪੰਜ ਸ਼ਬਦ ਹਨ ਜਿਸਨੂੰ ਕਿ ਕੀਰਤਨ ਸੋਹਿਲਾ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਗ੍ਰੰਥ ਦੇ ਦੂਸਰੇ ਹਿੱਸੇ ਵਿਚ 15 ਅੰਗ ਤੋਂ ਲੈ ਕੇ 1352 ਅੰਗ ਹਨ ਜਿਸਨੂੰ 31 ਰਾਗਾਂ ਦੀ ਤਰਤੀਬ ਵਿਚ ਰੱਖਦਿਆਂ ਹੋਇਆਂ ਸਮੁੱਚੇ ਅੰਗਾਂ ਦੀ ਪ੍ਰਕ੍ਰਿਤੀ ਤੇ ਸਰੂਪ ਅਨੁਸਾਰ ਸ਼ਮੂਲੀਅਤ ਕੀਤੀ ਗਈ ਹੈ। ਤੀਸਰੇ ਹਿੱਸੇ ਵਿਚ 78 ਅੰਗਾਂ ਵਿਚ ਫੁੱਟਕਲ ਬਾਣੀਆਂ ਛੰਦਾਂ ਦੇ ਸਿਰਲੇਖ ਹੇਠ ਦਰਜ ਹਨ ਜਿਹਨਾਂ ਵਿਚ ਮਹਲਾ ਨੌਵਾਂ ਅਤੇ ਦੋ ਸ਼ਬਦ ਅਤੇਅੰਤ ਵਿਚ ਰਾਗਮਾਲਾ ਹੈ। ਡਾ. ਗੁਰਬਚਨ ਕੌਰ ਲਿਖਦੇ ਹਨ "ਗੁਰੂ ਅਰਜਨ ਦੇਵ ਨੇ ਆਪਣੀ ਦੇਖ ਰੇਖ ਅਧੀਨ ਨਿਤਨੇਮ ਦੀਆਂ ਬਾਣੀਆਂ, ਰਾਗਬਧ ਤੇ ਰਾਗਮੁਕਤ ਬਾਣੀ ਦਾ ਗ੍ਰੰਥ ਤਿਆਗ ਕਰਕੇ ਨਾ ਕੇਵਲ ਬਾਣੀ ਨੂੰ ਸਥਾਈ ਤੌਰ ਤੇ ਰਲਿਆਂ ਤੋਂ ਸੁਰਖਿਅਤ ਕਰ ਦਿੱਤਾ ਸਗੋਂ ਭਾਰਤ ਦੇ ਸਾਹਿਤਿਕ ਇਤਿਹਾਸ ਵਿਚ ਸੰਪਾਦਨ ਦੇ ਇਕ ਨਵੇਂ ਅਧਿਆਇ ਨੂੰ ਸ਼ਾਮਲ ਕਰਨ ਦਾ ਗੌਰਵਮਈ ਉਦਮ ਕੀਤਾ ਹੈ। [17]

ਇਸ ਤਰ੍ਹਾਂ ਆਦਿ ਗ੍ਰੰਥ ਦੀ ਸੰਪਾਦਨਾ ਜਿੱਥੇ ਨਾਨਕ ਨਾਮ ਲੇਵਾ ਸਮਾਜ ਲਈ ਬਹੁਤ ਵੱਡੀ ਲੋੜ ਸੀ ਉਥੇ ਵਿਸ਼ਵ ਵਿੱਚ ਅਮਾਨਵੀ ਕਦਰਾਂ ਕੀਮਤਾਂ ਦੀ ਸਮਾਪਤੀ, ਇਲਾਕਾਵਾਦ, ਜਾਤੀਵਾਦ ਤੇ ਭਾਸ਼ਾਵਾਦ ਦੇ ਨਾਂ ਉਤੇ ਪਾਈਆਂ ਜਾਂਦੀਆਂ ਵੰਡੀਆਂ ਦੇ ਖਾਤਮੇ ਦੀ ਉਸ ਵਕਤ ਦੀ ਸਭ ਤੋਂ ਵੱਡੀ ਲੋੜ

ਸੀ ਜਿਸ ਨਾਲ ਗਰੀਬ ਕਿਰਤੀ ਪਰਿਵਾਰ ਦੀ ਜ਼ਿੰਦਗੀ ਬਦ ਤੋਂ ਬਦਤਰ ਹੋ ਰਹੀ ਸੀ। ਉਸਨੂੰ ਮਨੁੱਖਾਂ ਦੀ ਥਾਂ ਜਾਨਵਰਾਂ ਵਾਂਗੂੰ ਵਰਤਿਆ ਜਾਂਦਾ ਸੀ। ਗੁਰੂ ਸਾਹਿਬ ਦਾ ਇਹ ਯਤਨ ਮਾਨਵਵਾਦੀ ਸਮਾਜ ਅਤੇ ਰਾਸ਼ਟਰ ਦੀ ਸਿਰਜਣਾ ਕਰਕੇ ਇਕ ਅਰੋਗ, ਸੁਚਾਰੂ, ਸੰਤੁਲਿਤ ਸਮਾਜ ਦਾ ਨਿਰਮਾਣ ਕਰਦਾ ਹੈ, ਜਿਸ ਨਾਲ ਹੱਕਾਂ ਵਾਲਿਆਂ ਨੂੰ ਹੱਕ ਮਿਲਦੇ ਹਨ। ਕਰਮ ਅਤੇ ਸੰਘਰਸ਼ ਨੂੰ ਸਮਾਜ ਦੀ ਚਲਾਇਮਾਨਤਾ ਦਾ ਇਕ ਜ਼ਰੂਰੀ ਹਿੱਸਾ ਮੰਨਿਆ ਜਾਣ ਲੱਗਦਾ ਹੈ। ਗੁਰਸਿੱਖ ਦੀ ਨਿੱਤ ਦੀ ਜ਼ਿੰਦਗੀ ਦੀ 'ਰਾਮਕਾਰ' ਸਥਾਪਿਤ ਹੋਣ ਨਾਲ ਆਦਰਸ਼ਕ ਵਿਸ਼ਵੀ ਭਾਈਚਾਰਾ ਆਪਣੀ ਹੋਂਦ ਨਾਲ ਜ਼ਿੰਦਗੀ ਤੋਂ ਬਾਅਦ ਨਹੀਂ ਜ਼ਿੰਦਗੀ ਵਿਚ ਹੀ ਸਵਰਗ ਵੇਖ ਸਕਦਾ ਹੈ। ਇਸਦੇ ਵਿਪਰੀਤ ਅਗਰ ਗੁਰੂ ਗ੍ਰੰਥ ਸਾਹਿਬ ਦਾ ਮੌਜੂਦਾ ਸਵਰੂਪ ਨੂੰ ਗੁਰੂ ਅਰਜਨ ਦੇਵ ਆਪਣੀ ਦੂਰ ਦ੍ਰਿਸ਼ਟਤਾ, ਮਿਹਨਤ, ਘਾਲਣਾ ਅਤੇ ਦੈਵੀ ਬਖ਼ਸ਼ਿਸ਼ ਨਾਲ ਸੰਪਾਦਿਤ ਨਾ ਕਰਦੇ ਤਾਂ ਅਜਿਹੀ ਹਾਲਤ ਵਿਚ ਕੱਚੀ ਬਾਣੀ ਦੇ ਮਿਸ਼ਰਣ ਹੋਣ ਕਰਕੇ ਇਸ ਗ੍ਰੰਥ ਸੰਬੰਧੀ ਪੈਦਾ ਹੋਣ ਵਾਲੇ ਭੰਬਲਭੂਸੇ ਨਾ ਤਾਂ ਜਗਿਆਸੂ ਦੀ ਕੋਈ ਮੰਜ਼ਿਲ ਨਿਸ਼ਚਿਤ ਕਰ ਸਕਦੇ ਅਤੇ ਨਾ ਹੀ ਮੰਜ਼ਿਲ ਉਤੇ ਪਹੁੰਚਣ ਦਾ ਠੀਕ ਦਿਸ਼ਾ ਨਿਰਦੇਸ਼, ਸਾਹਸ ਅਤੇ ਬਲ ਜੁਟਾ ਸਕਦੇ ਪਰ ਇਸ ਸੰਪਾਦਨ ਨੇ ਮਾਨਵ ਸਾਹਮਣੇ ਆਦਰਸ਼ਕ ਜੀਵਨ ਸੰਕਲਪ ਨੂੰ ਪ੍ਰਸਤੁਤ ਕਰਕੇ ਸਮੁੱਚੀ ਧਰਤੀ ਨੂੰ ਹੀ ਇਸਦੇ ਵਾਸਤਵਿਕ ਗੌਰਵ ਅਰਥਾਤ ਧਰਮਸਾਲਾ ਬਣ ਜਾਣ ਦੀਆਂ ਸੰਭਾਵਨਾਵਾਂ ਉਲੀਕੀਆਂ ਹਨ। ਮਨੁੱਖਤਾ ਵਿਚ ਵਿਸ਼ਵਾਸ ਰੱਖਣ ਵਾਲਾ ਹਰ ਕਾਲ, ਹਰ ਸਥਾਨ ਦਾ, ਹਰ ਵਿਅਕਤੀ, ਹਰ ਸਮੇਂ ਆਪਣੀਆਂ ਸਮੁੱਚੀਆਂ ਮਾਨਸਿਕ, ਸਰੀਰਕ ਆਰਥਿਕ, ਰਾਜਨੀਤਕ ਸਮੱਸਿਆਵਾਂ ਲਈ ਉੱਚ ਸੇਧ ਲੈ ਕੇ ਖੁਸ਼ਹਾਲ, ਸ਼ਾਕਰ ਤੇ ਸੰਤੁਲਿਤ ਜੀਵਨ ਜੀਅ ਸਕਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1191
2. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 471
3. ਪ੍ਰਿੰ. ਸੰਤ ਸਿੰਘ ਸੇਖੋਂ, ਸੱਭਿਆਚਾਰ ਦੇ ਮੁੱਖ ਅੰਸ਼, ਪੰਨਾ 17
4. ਉਹੀ, ਪੰਨਾ 21
5. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1039
6. ਉਹੀ, ਅੰਗ 920
7. ਡਾ. ਮਹਿੰਦਰ ਕੌਰ ਗਿੱਲ, ਗੁਰੂ ਅਰਜਨ ਦੇਵ ਜੀਵਨ ਤੇ ਰਚਨਾ,ਪੰਨਾ 154
8. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 248
9. ਡਾ. ਸੁਰਿੰਦਰ ਸਿੰਘ ਕੋਹਲੀ, A Critical Study of Adi Granth. p. 11
10. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1380
11. ਉਹੀ, ਅੰਗ 1380
12. ਉਹੀ, ਅੰਗ 358
13. ਉਹੀ, ਅੰਗ 1292
14. ਗੁਰੂ ਗ੍ਰੰਥ ਸਾਹਿਬ ਦੀ ਸੰਕਲਪਨਾ ਅਤੇ ਸੰਪਾਦਨਾ, ਵਿਸਮਾਦੁ ਨਾਦੁ, ਪੰਨਾ 356
15. ਡਾ. ਦਰਸ਼ਨ ਸਿੰਘ, ਕੇਸਰ ਸਿੰਘ ਛਿਬਰ, ਬੰਸਾਵਲੀਨਾਮਾ, ਚੌਂਦਵਾਂ ਚਰਨ
16. ਉਹੀ, ਅੰਗ 982
17. ਡਾ. ਗੁਰਬਚਨ ਕੌਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ, ਇਤਿਹਾਸ ਅਤੇ ਤਕਨੀਕ, ਗੁਰਮਤਿ ਕਾਵਿ ਅੰਕ, ਖੋਜ ਪਤ੍ਰਿਕਾ, ਪੰਨਾ 27